# ਮੀਜ਼ਲਜ਼

ਐਮ ਐਮ ਆਰ ਵੈਕਸੀਨੇਸ਼ਨ ਨਾਲ ਬੱਚਿਆਂ ਦੀ ਮੀਜ਼ਲਜ਼ ਤੋਂ ਸੁਰੱਖਿਆ

ਪਿਛਲੇ ਦੱਸ ਸਾਲਾਂ ਤੋਂ ਯੂਕੇ ਵਿੱਚ ਮੀਜ਼ਲਜ਼ ਤੋਂ ਪੀੜਿਤ ਬੱਚਿਆਂ ਦੀ ਸੰਖਿਆ ਵੱਧਦੀ ਨਜ਼ਰ ਆਈ ਹੈ। ਬੱਚੇ ਨੂੰ ਐਮ ਐਮ ਆਰ ਵੈਕਸੀਨੇਸ਼ਨ ਦੀਆਂ ਦੋ ਖੁਰਾਕਾਂ ਨਾਲ ਇਸ ਤੋਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਕਿਸੇ ਵੀ ਉਮਰ ਦੇ ਬੱਚੇ ਜਿਨ੍ਹਾਂ ਨੇ ਐਮ ਐਮ ਆਰ ਵੈਕਸੀਨੇਸ਼ਨ ਨਹੀਂ ਲਿਤੀ ਉਹ ਅਜੇ ਵੀ ਵੈਕਸੀਨ ਪ੍ਰਾਪਤ ਕਰ ਸਕਦੇ ਹਨ ਅਤੇ ਆਪਣੇ ਆਪ ਨੂੰ ਮੀਜ਼ਲਜ਼ ਦੇ ਰੋਗ-ਸੰਚਾਰ ਤੋਂ ਸੁਰੱਖਿਅਤ ਬਣਾ ਸਕਦੇ ਹਨ।

## ਮੀਜ਼ਲਜ਼ ਕਿਉਂ ਵੱਧ ਰਹੀਂ ਹੈ?

1990 ਦੇ ਅੱਧ ਤੱਕ ਯੂਕੇ ਦੇ ਵਿਚ ਮੀਜ਼ਲਜ਼ ਦੇ ਫੈਲਾਉ ਨੂੰ ਜ਼ਿਆਦਾ ਐਮ ਐਮ ਆਰ ਵੈਕਸੀਨ ਦੇ ਪ੍ਰਯੋਗ ਕਰਕੇ ਰੋਕ ਲਿਆ ਗਿਆ ਸੀ। 1998 ਤੋਂ ਕੁਝ ਖੋਜੀਆਂ ਨੇ ਇਹ ਦਾਅਵਾ ਕੀਤਾ ਸੀ ਕਿ ਵੈਕਸੀਨ ਸੁਰੱਖਿਅਤ ਨਹੀਂ ਹੈ, ਪਰੈਸ ਅਤੇ ਜ਼ਰੀਏ ਵਿਚ ਇਸ ਬਾਰੇ ਕਾਫ਼ੀ ਚਰਚਾ ਹੋਈ ਸੀ। ਵੈਸੇ ਤਾਂ ਉਹ ਸਾਰੇ ਦਾਅਵੇ ਪੂਰੀ ਤਰ੍ਹਾਂ ਨਾਲ ਬੇਪ੍ਰਤੀਤ ਕਰ ਦਿੱਤੇ ਗਏ ਸੀ ਪਰ ਉਨ੍ਹਾਂ ਮਾਪਿਆਂ ਦੇ ਬੱਚੇ ਜਿਨ੍ਹਾਂ ਨੇ ਉਸ ਵੇਲੇ ਐਮ ਐਮ ਆਰ ਦੇ ਵਿਰੁਧ ਨਿਰਨੇ ਲਿਆ ਸੀ ਉਹ ਉਦੋਂ ਦੇ ਅਜੇ ਤੱਕ ਇਸ ਵੈਕਸੀਨੇਸ਼ਨ ਤੋਂ ਬਗੈਰ ਹਨ। ਵੈਕਸੀਨ ਲੈ ਰਹੇ ਪ੍ਰੀ-ਸਕੂਲ ਦੇ ਬੱਚਿਆਂ ਦੀ ਸੰਖਿਆ ਹੁਣ ਵਧਦੀ ਨਜ਼ਰ ਆ ਰਹੀ ਹੈ ਜਿਵੇਂ ਇਹ 1990 ਦੇ ਅੱਧ ਵਿਚ ਸੀ। ਇਸ ਦੇ ਬਾਵਜੂਦ ਵੀ, ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਵੇਲਜ਼ ਦੇ ਵਿਚ ਤਕਰੀਬਨ 80,000 ਅਜਿਹੇ ਸਕੂਲੀ ਬੱਚੇ ਹਨ ਜਿਹੜੇ ਐਮ ਐਮ ਆਰ ਦੀ ਇਕ ਜਾਂ ਦੋਵੇਂ ਖੁਰਾਕਾਂ ਤੋਂ ਬਗੈਰ ਹਨ। ਇਨ੍ਹਾਂ ਵੱ੍ਡੀ ਉਮਰ ਦੇ ਸਮੂਹਾਂ ਵਿਚ ਮੀਜ਼ਲਜ਼ ਕਾਫੀ ਅਸਾਨੀ ਨਾਲ ਫੈਲਦੀ ਹੈ।

## ਕੀ ਮੀਜ਼ਲਜ਼ ਬਹੁਤ ਗੰਭੀਰ ਹੈ?

ਹਾਂ, ਮੀਜ਼ਲਜ਼ ਕਾਫੀ ਗੰਭੀਰ ਹੋ ਸਕਦੀ ਹੈ ਅਤੇ ਇਹ ਬਹੁਤ ਛੂਤਕਾਰੀ ਵਾਇਰਸ ਰਾਹੀਂ ਹੁੰਦੀ ਹੈ। ਲਗਭਗ ਉਹ ਸਾਰੇ ਜਿਹੜੇ ਇਸ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਨੂੰ ਬਹੁਤ ਜ਼ਿਆਦਾ ਬੁਖ਼ਾਰ ਅਤੇ ਛਪਾਕੀ (ਸਰੀਰ ਉਤੇ ਛੋਟੇ ਛੋਟੇ ਦਾਣੇ ਨਿਕਲਣਾ) ਹੁੰਦੀ ਹੈ। ਔਸਤਨ, ਜੇਕਰ ਕਿਸੇ ਬੱਚੇ ਨੂੰ ਮੀਜ਼ਲਜ਼ ਹੁੰਦੀ ਹੈ ਤਾਂ ਉਹ ਲਗਭਗ ਪੰਜ ਦਿਨ ਬਿਸਤਰੇ ਵਿਚ ਰਹਿੰਦਾ ਹੈ ਅਤੇ ਸ਼ਾਇਦ ਦੱਸ ਦਿਨਾਂ ਤੱਕ ਸਕੂਲ ਨਾ ਜਾ ਸਕੇ। ਬਾਲਗ ਲੋਕ ਸ਼ਾਇਦ ਜ਼ਿਆਦਾ ਸਮੇਂ ਲਈ ਬਿਮਾਰ ਰਹਿ ਸਕਦੇ ਹਨ।

ਹਰ 15 ਵਿਚੋਂ ਇਕ ਬੰਦਾ ਜਿਹੜਾ ਮੀਜ਼ਲਜ਼ ਤੋਂ ਪੀੜਿਤ ਹੋਵੇ ਉਹ ਹੋਰ ਗੰਭੀਰ ਰੋਗੀ ਉਲਝਣਾਂ ਵੀ ਵਿਕਸਿਤ ਕਰ ਸਕਦਾ ਹੈ। ਇਨ੍ਹਾਂ ਵਿਚ ਦਸਤ, ਕੰਨਾਂ ਦੀ ਇਨਫੈਕਸ਼ਨ, ਛਾਤੀ ਦੀ ਇਨਫੈਕਸ਼ਨ, ਗਸ਼ੀਆਂ, ਐਨਸੀਫਾਲਿਟਸ (ਦਿਮਾਗ ਦਾ ਅਫ਼ਾਰਾ/ਸੋਜ), ਅਤੇ ਦਿਮਾਗ ਨੂੰ ਨੁਕਸਾਨ (ਬਰੇਨ ਡੈਮੇਜ) ਸ਼ਾਮਿਲ ਹੈ। ਮੀਜ਼ਲਜ਼ ਜਾਨ ਲੈਵਾ ਹੋ ਸਕਦੀ ਹੈ ਅਤੇ ਪੂਰੀ ਦੁਨੀਆ ਵਿਚ ਅਜੇ ਵੀ 200,000 ਬੱਚੇ ਹਰ ਸਾਲ ਮੀਜ਼ਲਜ਼ ਤੋਂ ਮਰਦੇ ਹਨ।

## ਕੀ ਮੇਰਾ ਬੱਚਾ ਮੀਜ਼ਲਜ਼ ਤੋਂ ਮਰ ਸਕਦਾ ਹੈ?

ਅਧਿਐਨ ਦੱਸਦੇ ਹਨ ਕਿ ਹਰ 1,000 ਵਿਅਕਤੀ ਜਿਨ੍ਹਾਂ ਨੂੰ ਮੀਜ਼ਲਜ਼ ਹੁੰਦੀਆਂ ਹਨ ਉਨ੍ਹਾਂ ਵਿਚੋਂ ਇਕ ਤੋਂ ਤਿੰਨ ਆਪਣੀ ਜਾਨ ਇਨਫੈਕਸ਼ਨ ਜਾਂ ਉਸ ਦੀਆਂ ਰੋਗੀ ਉਲਝਣਾਂ ਕਾਰਨ ਗਵਾ ਸਕਦੇ ਹਨ।

ਦੁਖਾਂਤਕ ਤੌਰ ਤੇ, ਪਿਛਲੇ ਕੁਝ ਸਾਲਾਂ ਦੌਰਾਨ ਯੂਕੇ ਵਿਚ ਦੋ ਨੌਜਵਾਨ ਬੰਦਿਆਂ ਦੀ ਮੀਜ਼ਲਜ਼ ਕਰਕੇ ਮੌਤ ਹੋਈ ਹੈ। 2006 ਵਿਚ 13 ਸਾਲ ਦੇ ਉਮਰ ਦੇ ਅਤੇ ਜੂਨ 2008 ਵਿਚ 17 ਸਾਲ ਦੀ ਉਮਰ ਦੇ ਇਕ ਵਿਅਕਤੀ – ਦੋਨ੍ਹਾਂ ਨੂੰ ਆਪਣੇ ਇਮਿਯੂਨ ਸਿਸਟਮ ਨਾਲ ਸਮੱਸਿਆ ਸੀ ਅਤੇ ਇਸ ਕਰਕੇ ਉਨ੍ਹਾਂ ਨੇ ਐਮ ਐਮ ਆਰ ਵੈਕਸੀਨੇਸ਼ਨ ਨਹੀਂ ਲਈ ਸੀ।

ਆਮ ਆਬਾਦੀ ਵਿਚ ਵੈਕਸੀਨ ਦੀ ਚੰਗੀ ਗ੍ਰਹਿਣ ਸ਼ਕਤੀ ਕਰਕੇ, ਇਸ ਤਰ੍ਹਾਂ ਦੇ ਬੱਚੇ ਜਿਹੜੇ ਇਨਫੈਕਸ਼ਨ ਹੋਣ ਦੇ ਯੋਗ ਹਨ ਜਾਂ ਬਹੁਤ ਨਾਜ਼ੁਕ ਹਨ ਉਨ੍ਹਾਂ ਨੂੰ ਮੀਜ਼ਲਜ਼, ਮੱਪਸ ਅਤੇ ਰੁਬੈਲਾ ਤੋਂ ਵੀ ਬਿਹਤਰ ਤਰੀਕੇ ਨਾਲ ਬਚਾਇਆ ਜਾ ਸਕਦਾ ਹੈ।

## ਕੀ ਮੇਰਾ ਬੱਚਾ ਖਤਰੇ ਵਿਚ ਹੈ?

ਮੀਜ਼ਲਜ਼ ਸਭ ਤੋਂ ਵੱਧ ਜਾਣੂ ਛੂਤਕਾਰੀ ਰੋਗਾਂ ਵਿਚੋਂ ਇਕ ਹੈ। ਖੰਘ ਜਾਂ ਛਿੱਕਾਂ ਨਾਲ ਮੀਜ਼ਲਜ਼ ਵਾਇਰਸ ਕਾਫੀ ਵੱਡੇ ਖੇਤਰ ਵਿਚ ਫੈਲ ਸਕਦਾ ਹੈ। ਕਿਉਂਕਿ ਇਹ ਬਹੁਤ ਛੂਤਕਾਰੀ ਹੈ, ਤੁਹਾਡਾ ਬੱਚਾ ਸਾਰੀ ਉਮਰ ਵਾਸਤੇ ਮੀਜ਼ਲਜ਼ ਲੱਗਣ ਦੇ ਖਤਰੇ ਤੇ ਹੀ ਰਹੇਗਾ ਜਿੰਨੀ ਦੇਰ ਤੱਕ ਉਸ ਦੀ ਸੁਰੱਖਿਆ ਵੈਕਸੀਨੇਸ਼ਨ ਨਾਲ ਨਹੀਂ ਕੀਤੀ ਜਾਂਦੀ। ਇਸ ਕਰਕੇ ਇਹ ਸੰਭਵ ਹੈ ਕਿ ਬਹੁਤ ਜਲਦੀ ਜਾਂ ਕੁਝ ਸਮੇਂ ਬਾਦ, ਤੁਹਾਡੇ ਬੱਚੇ ਨੂੰ ਮੀਜ਼ਲਜ਼ ਹੋ ਸਕਦੇ ਹਨ ਜੇਕਰ ਉਹ ਅਸੁਰੱਖਿਅਤ ਰਹਿੰਦਾ ਜਾਂ ਰਹਿੰਦੀ ਹੈ।

ਉਨ੍ਹਾਂ ਬੱਚਿਆਂ ਨੂੰ ਇਸ ਦਾ ਖਤਰਾ ਜ਼ਿਆਦਾ ਹੈ ਜਿਨ੍ਹਾਂ ਨੂੰ ਐਮ ਐਮ ਆਰ ਵੈਕਸੀਨ ਨਹੀਂ ਮਿਲੀ ਹੈ। ਉਹ ਬੱਚੇ ਜਿਨ੍ਹਾਂ ਨੇ ਸਿਰਫ ਇਕ ਵੈਕਸੀਨੇਸ਼ਨ ਲਈ ਹੈ ਉਨ੍ਹਾਂ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਦੂਸਰੀ ਖ਼ੁਰਾਕ (ਡੋਜ਼) ਵੀ ਲੈਣ ਅਤੇ ਇਹ ਕੋਰਸ ਪੂਰਾ ਕਰਨ ਜਿਸ ਰਾਹੀਂ ਇਹ ਪੱਕਾ ਬਣਾਇਆ ਜਾ ਸਕਦਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਹਨ। ਕਈ ਬੱਚੇ ਐਮ ਐਮ ਆਰ ਨਹੀਂ ਲੈ ਸਕਦੇ ਕਿਉਂਕਿ ਉਨ੍ਹਾਂ ਦੀ ਸਿਹਤ ਦੀ ਦਸ਼ਾ ਇਹੋ ਜਿਹੀ ਹੁੰਦੀ ਹੈ ਕਿ ਉਨ੍ਹਾਂ ਦਾ ਇਮਿਯੂਨ ਸਿਸਟਮ ਬਹੁਤ ਕਮਜ਼ੋਰ ਹੈ, ਜਿਵੇਂ ਕਿ ਲੁਕਿਮੀਆ। ਇਨ੍ਹਾਂ ਬੱਚਿਆਂ ਨੂੰ ਸੁਰੱਖਿਅਤ ਤਾਂ ਹੀ ਰੱਖਿਆ ਜਾ ਸਕਦਾ ਹੈ ਜੇਕਰ ਜ਼ਿਆਦਾ ਤੋਂ ਜ਼ਿਆਦਾ ਸਿਹਤਮੰਦ ਬੱਚਿਆਂ ਨੂੰ ਵੈਕਸੀਨੇਟਿਡ ਕੀਤਾ ਜਾਵੇ ਤਾਂ ਕਿ ਮੀਜ਼ਲਜ਼ ਦੇ ਫ਼ੈਲਾਅ ਨੂੰ ਰੋਕਿਆ ਜਾ ਸਕੇ।

## ਮੈਨੂੰ ਕੀ ਕਰਨਾ ਚਾਹੀਦਾ ਹੈ?

ਮੀਜ਼ਲਜ਼ ਨੂੰ ਰੋਕਣ ਦਾ ਸਭ ਤੋਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਰਾਹ ਇਹੀ ਹੈ ਕਿ ਇਹ ਪੱਕਾ ਬਣਾਇਆ ਜਾਵੇ ਕਿ ਤੁਹਾਡਾ ਬੱਚਾ ਪੂਰੀ ਤਰ੍ਹਾਂ ਨਾਲ ਐਮ ਐਮ ਆਰ ਵੈਕਸੀਨ ਨਾਲ ਵੈਕਸੀਨੇਟਿਡ ਹੈ। ਇਹ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਨੂੰ ਨਿਤਾਪ੍ਰਤੀ ਰੂਪ ਵਿਚ 13 ਮਹੀਨਿਆਂ ਦੀ ਉਮਰ ਤੇ ਅਤੇ ਫਿਰ ਤਿੰਨ ਸਾਲ ਚਾਰ ਮਹੀਨੇ ਦੀ ਉਮਰ ਤੇ ਜਾਂ ਉਸ ਤੋਂ ਥੋੜੀ ਹੀ ਦੇਰ ਬਾਦ ਵੈਕਸੀਨੇਟਿਡ ਕੀਤਾ ਜਾਵੇ। ਜੇਕਰ ਤੁਹਾਡੇ ਬੱਚੇ ਦਾ ਇਕ (ਜਾਂ ਦੋਵੇਂ) ਵੈਕਸੀਨੇਸ਼ਨ ਰਹਿੰਦੀਆਂ ਹਨ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਜੀ-ਪੀ ਦੀ ਪਰੈਕਟਿਸ ਨਾਲ ਵੈਕਸੀਨੇਸ਼ਨ ਵਾਸਤੇ ਅਪੋਇੰਟਮੈਂਟ ਬਣਾਵੋ।

ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਐਮ ਐਮ ਆਰ ਦਾ ਕੋਰਸ ਪੂਰਾ ਕਰੇ ਅਤੇ ਦੋ ਵੈਕਸੀਨੇਸ਼ਨ ਲਵੇ। ਆਪਣੇ ਬੱਚੇ ਨੂੰ ਵੈਕਸੀਨੇਟਿਡ ਬਣਾਉਣਾ ਕਦੇ ਵੀ ਦੇਰੀ ਵਾਲਾ ਕੰਮ ਨਹੀਂ ਹੈ।

## ਮੈਨੂੰ ਚੇਤਾ ਨਹੀਂ ਕਿ ਕੀ ਮੇਰੇ ਬੱਚੇ ਨੇ ਐਮ ਐਮ ਆਰ ਵੈਕਸੀਨੇਸ਼ਨ ਲਈ ਹੈ ਜਾਂ ਨਹੀਂ

ਆਪਣੇ ਬੱਚੇ ਦੀ ਨਿਜੀ ਸਿਹਤ ਰਿਕਾਰਡ (ਲਾਲ ਕਿਤਾਬ) ਵੇਖੋ। ਇਸ ਵਿਚ ਸ਼ਾਇਦ ਉਹ ਸਾਰੀਆਂ ਵੈਕਸੀਨੇਸ਼ਨਾਂ ਦੀ ਸੂਚੀ ਹੋਵੇ ਜਿਹੜੀਆਂ ਤੁਹਾਡੇ ਬੱਚੇ ਨੂੰ ਮਿਲ ਚੁਕੀਆਂ ਹਨ। ਜੇਕਰ ਤੁਸੀਂ ਇਸ ਤੋਂ ਬਾਦ ਵੀ ਨਿਸ਼ਚਾਵਾਨ ਨਹੀਂ ਹੋ ਤਾਂ ਆਪਣੇ ਜੀ-ਪੀ ਦੀ ਪਰੈਕਟਿਸ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਦੀ ਸਲਾਹ ਪ੍ਰਾਪਤ ਕਰੋ।

ਇਸ ਦੇ ਬਾਵਜੂਦ ਵੀ ਜੇਕਰ ਕੋਈ ਸ਼ੰਕਾ ਹੈ ਤਾਂ ਚੰਗਾ ਇਹ ਹੀ ਹੈ ਕਿ ਵੈਕਸੀਨੇਸ਼ਨ ਲੈ ਲਵੋ। ਇਕ ਹੋਰ ਵਧੇਰੀ ਖੁਰਾਕ ਦਾ ਤੁਹਾਡੇ ਬੱਚੇ ਦੀ ਸਿਹਤ ਉਤੇ ਕੋਈ ਗੰਭੀਰ ਖਤਰਾ ਨਹੀਂ ਹੈ ਜੇਕਰ ਉਨ੍ਹਾਂ ਨੇ ਪਹਿਲਾਂ ਵੀ ਇਕ ਜਾਂ ਐਮ ਐਮ ਆਰ ਦੀਆਂ ਦੋਵੇਂ ਵੈਕਸੀਨੇਸ਼ਨ ਲਈਆਂ ਹੋਈਆਂ ਹੋਣ।

## ਮੇਰੇ ਬੱਚੇ ਨੇ ਇਕ ਮੀਜ਼ਲਜ਼, ਮੱਪਸ ਅਤੇ ਰੂਬੈਲਾ ਵੈਕਸੀਨੇਸ਼ਨ ਲਈ ਹੈ, ਕੀ ਉਹ ਇਸ ਦੇ ਬਾਵਜੂਦ ਵੀ ਐਮ ਐਮ ਆਰ ਲੈ ਸਕਦਾ/ਸਕਦੀ ਹੈ?

ਹਾਂ, ਜਦ ਕੋਈ ਵੀ ਬੱਚਾ ਇਨ੍ਹਾਂ ਬਿਮਾਰੀਆਂ ਵਿਚੋਂ ਕਿਸੇ ਵੀ ਇਕ ਬਿਮਾਰੀ ਦੇ ਵਿਰੁਧ ਵੈਕਸੀਨੇਟਿਡ ਨਾ ਹੋਇਆ ਹੋਵੇ ਤਾਂ ਅਸੀਂ ਐਮ ਐਮ ਆਰ ਦੀਆਂ ਦੋ ਖੁਰਾਕਾਂ ਲੈਣ ਦੀ ਸਲਾਹ ਦਿੰਦੇ ਹਾਂ। ਜੇਕਰ ਮਾਪੇ ਇਸ ਗੱਲ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਨਹੀਂ ਹਨ ਕਿ ਇਕ ਇਕੱਲੀ ਵੈਕਸੀਨ ਨਾਲ ਉਹ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਨਹੀਂ ਹਨ, ਤਾਂ ਵੀ ਉਹ ਆਪਣੇ ਬੱਚਿਆਂ ਨੂੰ ਐਮ ਐਮ ਆਰ ਦੇ ਸਕਦੇ ਹਨ। ਇਕ ਇਕੱਲੀ ਵੈਕਸੀਨੇਸ਼ਨ ਦੇਣ ਦੇ ਬਾਵਜੂਦ ਵੀ ਬੱਚਿਆਂ ਨੂੰ ਐਮ ਐਮ ਆਰ ਦੀਆਂ ਦੋ ਖੁਰਾਕਾਂ ਦੇਣੀਆਂ ਸੁਰੱਖਿਅਤ ਹਨ। ਤੁਸੀਂ ਇਸ ਬਾਰੇ ਆਪਣੇ ਡਾਕਟਰ, ਹੈਲਥ ਵਿਜ਼ਿਟਰ ਜਾਂ ਪਰੈਕਟਿਸ ਨਰਸ ਦੇ ਨਾਲ ਗੱਲਬਾਤ ਕਰ ਸਕਦੇ ਹੋ।

## ਮੈਂ ਆਪਣੇ ਬੱਚੇ ਨੂੰ ਇਕ ਇੰਜੈਕਸ਼ਨ ਵਿਚ ਤਿੰਨ ਵੈਕਸੀਨ ਦੇਣ ਬਾਰੇ ਅਜੇ ਵੀ ਫ਼ਿਕਰਮੰਦ ਹਾਂ

ਇਕ ਬੱਚੇ ਦਾ ਇਮਿਯੂਨ ਸਿਸਟਮ ਉਸ ਦੇ ਜਨਮ ਤੋਂ ਹੀ ਕਈ ਤਰ੍ਹਾਂ ਦੇ ਰੋਗਾਣੂ ਅਤੇ ਇਨਫੈਕਸ਼ਨਾਂ ਨਾਲ ਲੜਨ ਲਈ ਬਣਿਆ ਵਿਖਾਈ ਦਿੰਦਾ ਹੈ। ਇਮਿਯੂਨਿਟੀ ਵਿਰੁਧ ਚੁਣੌਤੀਆਂ ਦੇ ਪਰਤਵੇ ਅਸਰ ਲਈ ਵੈਕਸੀਨੇਸ਼ਨ ਪਹਿਲਾਂ ਤੋਂ ਬਣੀ ਇਸ ਸਮਰਥਾ ਦਾ ਇਕ ਬਹੁਤ ਥੋੜ੍ਹਾ ਭਾਗ ਵਰਤਦੀ ਹੈ – ਸਾਫ਼ ਫਰਸ਼ ਉਤੇ ਰੀਂਗਣਾ ਬੱਚਿਆਂ ਦੇ ਇਮਿਯੂਨ ਸਿਸਟਮ ਉਤੇ ਐਮ ਐਮ ਆਰ ਦੀ ਜੁੜਵੀਂ ਵੈਕਸੀਨਜ਼ ਤੋਂ ਕਾਫੀ ਜ਼ਿਆਦਾ ਚੁਣੌਤੀ ਭਰਿਆ ਹੁੰਦਾ ਹੈ।

ਐਮ ਐਮ ਆਰ ਦੀਆਂ ਦੋ ਖੁਰਾਕਾਂ ਵਾਲਾ ਕੋਰਸ ਤੁਹਾਡੇ ਬੱਚੇ ਦੀਆਂ ਤਿੰਨ ਬਿਮਾਰੀਆਂ ਮੀਜ਼ਲਜ਼, ਮੱਪਸ ਅਤੇ ਰੁਬੈਲਾ ਤੋਂ ਸੁਰੱਖਿਆ ਕਰੇਗਾ। ਇਹ ਤਿੰਨੋ ਬਿਮਾਰੀਆਂ ਖਾਸ ਕਰ ਨੌਜਵਾਨ ਬਾਲਗਾਂ ਤੇ ਗੰਭੀਰ ਅਸਰ ਕਰ ਸਕਦੀਆਂ ਹਨ।

## ਕੀ ਐਮ ਐਮ ਆਰ ਵੈਕਸੀਨੇਸ਼ਨ ਦੇ ਕੋਈ ਮਾੜੇ ਅਸਰ (ਸਾਇਡ ਅਫੈਕਟ) ਹਨ?

ਸਾਰੇ ਵੈਕਸੀਨੇਸ਼ਨਾਂ ਦੇ ਹਲਕੇ ਜਿਹੇ ਮਾੜੇ ਅਸਰ ਹੋ ਸਕਦੇ ਹਨ, ਜਿਵੇਂ ਕਿ ਜਿਥੇ ਇੰਜੈਕਸ਼ਨ ਲੱਗਾ ਹੋਵੇ ਉਥੇ ਦਰਦ। ਐਮ ਐਮ ਆਰ ਵੈਕਸੀਨ ਵਿਚ ਜਿਹੜੇ ਤਿੰਨ ਵਾਇਰਸ ਹਨ ਉਹ ਸਭ ਅਲੱਗ ਅਲੱਗ ਸਮੇਂ ਤੇ ਅਸਰ ਕਰਦੇ ਹਨ ਅਤੇ ਪਹਿਲੀ ਖੁਰਾਕ ਤੋਂ ਬਾਦ ਹੇਠ ਦਿਤੇ ਮਾੜੇ ਅਸਰ ਉਤਪੰਨ ਹੋ ਸਕਦੇ ਹਨ :

• ਪ੍ਰਤਿਰੱਖਿਆ (ਇਮਿਯੂਨਾਈਜ਼ੇਸ਼ਨ) ਦੇ ਛੇ ਤੋਂ ਗਿਆਰਾਂ ਦਿਨਾਂ ਬਾਦ, ਤਕਰੀਬਨ ਦੱਸ ਵਿਚੋਂ ਇਕ ਬੱਚੇ ਨੂੰ ਹਲਕਾ ਜਿਹਾ ਬੁਖਾਰ ਅਤੇ ਸ਼ਾਇਦ ਮੀਜ਼ਲਜ਼ ਵਰਗੀ ਛਪਾਕੀ ਹੋ ਸਕਦੀ ਹੈ ਅਤੇ ਹੋ ਸਕਦਾ ਹੈ ਕਿ ਉਹ ਕੁਝ ਖਾਣ ਦੀ ਇੱਛਾ ਨਾ ਰੱਖਣ। ਇਹ ਉਸ ਵੇਲੇ ਹੁੰਦਾ ਹੈ ਜਦ ਵੈਕਸੀਨ ਦਾ ਮੀਜ਼ਲਜ਼ ਵਾਲਾ ਭਾਗ ਕੰਮ ਕਰਨਾ ਸ਼ੁਰੂ ਕਰਦਾ ਹੈ ਅਤੇ ਇਹ ਆਮ ਤੌਰ ਤੇ ਦੋ ਤੋਂ ਤਿੰਨ ਦਿਨਾਂ ਤੱਕ ਰਹਿੰਦਾ ਹੈ ;

• ਹਰ 1000 ਪ੍ਰਤਿਰੱਖਿਅਤ (ਇਮਿਯੂਨਾਈਜ਼ਡ) ਬੱਚਿਆਂ ਵਿਚੋਂ ਇਕ ਨੂੰ ਬੁਖਾਰ ਕਰਕੇ ਗਸ਼ੀਆਂ ਵੀ ਪੈ ਸਕਦੀਆਂ ਹਨ। ਇਸ ਨੂੰ "ਫਿਬਰਾਈਲ ਕਨਵਲਸ਼ਨ" ਕਹਿੰਦੇ ਹਨ, ਅਤੇ ਇਸ ਤੋਂ ਬਾਅਦ ਕਿਸੇ ਵੀ ਕਾਰਨ ਤੋਂ ਬੁਖਾਰ ਹੋ ਸਕਦਾ ਹੈ, ਜ਼ਰੂਰੀ ਨਹੀਂ ਕਿ ਇਹ ਵੈਕਸੀਨੇਸ਼ਨ ਕਰਕੇ ਹੀ ਹੋਵੇਗਾ। ਪਰ, ਜੇਕਰ ਬੱਚਾ ਪ੍ਰਤਿਰੱਖਿਅਤ ਨਹੀਂ ਹੈ ਅਤੇ ਉਸ ਨੂੰ ਮੀਜ਼ਲਜ਼ ਹੋ ਜਾਦੀ ਹੈ, ਉਸ ਨੂੰ ਗਸ਼ੀਆਂ ਪੈਣ ਦੇ ਸਬੱਬ ਪੰਜ ਪ੍ਰਤਿਸ਼ਤ ਜ਼ਿਆਦਾ ਹਨ ;

• ਬਹੁਤ ਘੱਟ, ਬੱਚੇ ਮੱਪਸ ਵਰਗੇ ਆਸਾਰ (ਬੁਖਾਰ ਅਤੇ ਗਲੈਂਡਸ ਵਿਚ ਸੋਜ) ਪ੍ਰਤਿਰੱਖਿਆ (ਇਮਿਯੂਨਾਈਜ਼ੇਸ਼ਨ) ਦੇ ਦੋ ਜਾਂ ਤਿੰਨ ਹਫਤਿਆਂ ਬਾਦ ਉਤਪੰਨ ਕਰ ਸਕਦੇ ਹਨ। ਇਹ ਉਸ ਵੇਲੇ ਹੁੰਦਾ ਹੈ ਜਦ ਵੈਕਸੀਨ ਦਾ ਮੱਪਸ ਵਾਲਾ ਭਾਗ ਕੰਮ ਕਰਨਾ ਸ਼ੁਰੂ ਕਰਦਾ ਹੈ ;

• ਬਹੁਤ ਘੱਟ, ਬੱਚੇ ਸ਼ਾਇਦ ਛੋਟੀ ਜਿਹੀ ਰਗੜ ਵਰਗੀ ਛਪਾਕੀ ਮਹਿਸੂਸ ਕਰਨ। ਇਹ ਆਮ ਤੌਰ ਤੇ ਵੈਕਸੀਨ ਦੇ ਛੇ ਹਫ਼ਤਿਆਂ ਬਾਦ ਉਤਪੰਨ ਹੁੰਦੀ ਹੈ। ਆਮ ਤੌਰ ਤੇ ਇਹ ਆਪਣੇ ਆਪ ਹੀ ਠੀਕ ਹੋ ਜਾਂਦੀ ਹੈ। ਜੇਕਰ ਤੁਸੀਂ ਇਸ ਤਰ੍ਹਾਂ ਦੇ ਦਾਗ ਵੇਖਦੇ ਹੋ, ਆਪਣੇ ਬੱਚੇ ਨੂੰ ਡਾਕਟਰ ਕੋਲ ਮੁਆਇਨੇ ਵਾਸਤੇ ਲੈਕੇ ਜਾਵੋ। ਉਹ ਤੁਹਾਨੂੰ ਦੱਸੇਗਾ/ਦੱਸੇਗੀ ਕਿ ਇਸ ਤਰ੍ਹਾਂ ਦੀ ਛਪਾਕੀ ਨਾਲ ਕਿਵੇਂ ਪੇਸ਼ ਆਇਆ ਜਾਵੇ ; ਅਤੇ

• ਲੱਖਾਂ ਵਿਚੋਂ ਇਕ ਤੋਂ ਵੀ ਘੱਟ ਬੱਚੇ ਵਿਚ ਵੈਕਸੀਨੇਸ਼ਨ ਤੋਂ ਬਾਦ ਐਨਸੀਫੇਲਾਇਟਿਸ (ਦਿਮਾਗ ਦਾ ਅਫ਼ਾਰਾ/ਸੋਜ) ਉਤਪੰਨ ਹੁੰਦਾ ਹੈ ਅਤੇ ਇਹ ਵੈਕਸੀਨ ਦੇ ਨਤੀਜੇ ਵੱਜੋਂ ਹੁੰਦਾ ਹੈ ਇਸ ਦਾ ਕੋਈ ਵੀ ਸਬੂਤ ਨਹੀਂ ਹੈ। ਪਰ, ਮੀਜ਼ਲਜ਼ ਹੋ ਜਾਣ ਤੇ ਐਨਸੀਫੇਲਾਇਟਿਸ ਦੇ ਉਤਪੰਨ ਹੋਣ ਦਾ ਖਤਰਾ 200 ਵਿਚੋਂ ਇਕ ਅਤੇ 5,000 ਵਿਚੋਂ ਇਕ ਹੈ।

ਤੁਹਾਡਾ ਡਾਕਟਰ, ਪਰੈਕਟਿਸ ਨਰਸ ਜਾਂ ਹੈਲਥ ਵਿਜ਼ਿਟਰ ਇਨ੍ਹਾਂ ਸਮੱਸਿਆਵਾਂ ਬਾਰੇ ਤੁਹਾਡੇ ਨਾਲ ਵਧੇਰੇ ਵੇਰਵੇ ਨਾਲ ਗੱਲਬਾਤ ਕਰ ਸਕੇਗਾ।

## ਦੂਸਰੇ ਐਮ ਐਮ ਆਰ ਤੋਂ ਬਾਦ ਹੋਣ ਵਾਲੀ ਪ੍ਰਤਿਕਿਰਿਆ (ਰਿਐਕਸ਼ਨ) ਬਾਰੇ ਕੀ ਕਹਿਣਾ ਹੈ?

ਉਪਰ ਸੂਚੀ ਵਿਚ ਦਿਤੀਆਂ ਹੋਈਆਂ ਪ੍ਰਤਿਕਿਰਿਆਵਾਂ ਹੋ ਸਕਦੀਆਂ ਹਨ, ਪਰ ਇਨ੍ਹਾਂ ਦੇ ਹੋਣ ਦਾ ਸਬੱਬ ਬਹੁਤ ਘੱਟ ਹੈ।

## ਮੈਨੂੰ ਅਜੇ ਵੀ ਚਿੰਤਾ ਹੈ ਕਿ ਐਮ ਐਮ ਆਰ ਓਟੀਜ਼ਮ (ਆਤਮਲੀਨਤਾ) ਦਾ ਕਾਰਨ ਬਣ ਸਕਦੀ ਹੈ?

ਐਮ ਐਮ ਆਰ ਵੈਕਸੀਨ ਦੀ ਵਰਤੋਂ ਕਾਫੀ ਵੱਡੇ ਪੈਮਾਨੇ ਤੇ ਅਤੇ ਸੁਰੱਖਿਅਤ ਰੂਪ ਵਿਚ ਸਾਰੀ ਦੁਨੀਆ ਵਿਚ ਪਿਛਲੇ 30 ਸਾਲ ਤੋਂ ਕੀਤੀ ਜਾ ਰਹੀ ਹੈ। 5 ਕਰੋੜ ਤੋਂ ਜ਼ਿਆਦਾ ਖ਼ੁਰਾਕਾਂ 100 ਦੇਸ਼ਾਂ ਵਿਚ ਬੱਚਿਆਂ ਨੂੰ ਦਿਤੀਆਂ ਗਈਆਂ ਹਨ। ਬੁਨਿਆਦੀ ਅਧਿਐਨ ਜਿਹੜੇ ਇਸ ਨਾਲ ਸੰਬੰਧਿਤ ਸੰਕੇਤ ਕਰਦੇ ਸਨ ਉਹ ਸਾਰੇ ਪੂਰੀ ਤਰ੍ਹਾਂ ਨਾਲ ਬੇਪ੍ਰਤੀਤ ਕਰ ਦਿੱਤੇ ਗਏ ਹਨ। ਕਥਿਤ ਸੰਬੰਧ ਦੀ ਤਹਿਕੀਕਾਤ ਵਾਸਤੇ ਵਿਸ਼ਾਲ ਮਿਕਦਾਰ ਵਿਚ ਅਨੁਸੰਧਾਨ ਕੀਤਾ ਗਿਆ ਸੀ ਅਤੇ ਹੁਣ ਉਹ ਬੇਹੱਦ ਸਬੂਤ ਉਪਲਬਧ ਹਨ ਜਿਹੜੇ ਪੱਕਾ ਕਰਦੇ ਹਨ ਕਿ ਐਮ ਐਮ ਆਰ ਓਟੀਜ਼ਮ ਦਾ ਕਰਨ ਨਹੀਂ ਹੈ। ਐਮ ਐਮ ਆਰ ਇਕ ਆਮ ਨਿਤਾਪ੍ਰਤੀ ਵੈਕਸੀਨ ਦੀ ਤਰ੍ਹਾਂ ਸੁਰੱਖਿਅਤ ਹੈ ਜਿਹੜੀ ਕਿ ਅਸੀਂ ਆਪਣੇ ਬੱਚਿਆਂ ਨੂੰ ਗੰਭੀਰ ਲਾਗ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਵਾਸਤੇ ਦਿੰਦੇ ਹਾਂ।

## ਮੇਰੇ ਬੱਚੇ ਨੂੰ ਆਂਡਿਆਂ ਤੋਂ ਅਲਰਜੀ ਹੈ – ਕੀ ਉਹ ਐਮ ਐਮ ਆਰ ਵੈਕਸੀਨ ਲੈ ਸਕਦਾ ਜਾਂ ਸਕਦੀ ਹੈ?

ਐਮ ਐਮ ਆਰ ਵੈਕਸੀਨ ਉਨ੍ਹਾਂ ਬੱਚਿਆਂ ਨੂੰ ਸੁਰੱਖਿਅਤ ਰੂਪ ਵਿਚ ਦਿਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਆਂਡਿਆਂ ਤੋਂ ਅਲਰਜੀ (ਐਨਾਫਿਲੈਕਟੀਕ ਰਿਐਕਸ਼ਨ) ਹੁੰਦੀ ਹੈ। ਜੇਕਰ ਤੁਹਾਨੂੰ ਹੋਰ ਚਿੰਤਾ ਜਾਂ ਫ਼ਿਕਰ ਹੈ ਤਾਂ ਆਪਣੀ ਪਰੈਕਟਿਸ ਨਰਸ, ਹੈਲਥ ਵਿਜ਼ਿਟਰ ਜਾਂ ਡਾਕਟਰ ਨਾਲ ਗੱਲਬਾਤ ਕਰੋ।

### ਐਮ ਐਮ ਆਰ, ਬੱਚਿਆਂ ਨੂੰ ਮੀਜ਼ਲਜ਼ ਤੋਂ ਬਚਾਉਂਣ ਦਾ ਇਕ ਸੁਰੱਖਿਅਤ ਰਾਹ ਹੈ ਅਤੇ ਇਸ ਦੇ ਨਾਲ ਨਾਲ ਤੁਸੀਂ ਉਨ੍ਹਾਂ ਨੂੰ ਮੱਪਸ ਅਤੇ ਰੁਬੈਲਾ ਤੋਂ ਵੀ ਬਚਾਉਂਦੇ ਹੋ

# ਮੈਂ ਹੋਰ ਵਧੇਰੇ ਜਾਣਕਾਰੀ ਕਿਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਤੁਸੀਂ ਆਪਣੇ ਡਾਕਟਰ, ਹੈਲਥ ਵਿਜ਼ਿਟਰ ਜਾਂ ਪਰੈਕਟਿਸ ਨਰਸ ਨਾਲ ਗੱਲਬਾਤ ਕਰ ਸਕਦੇ ਹੋ, ਜਾਂ ਫ਼ੋਨ ਕਰੋ **NHS Direct Wales ਨੂੰ 0845 46 47 ਉਤੇ।**

ਦੇਖੋ: **www.mmrthefacts.nhs.uk** ਅਤੇ
**www.immunisation.nhs.uk**
(ਮੀਜ਼ਲਜ਼ ਵਾਲੇ ਐਮ ਐਮ ਆਰ ਵੈਕਸੀਨ ਉਤੇ ਵਧੇਰੇ ਜਾਣਕਾਰੀ ਵਾਸਤੇ)

ਇਹ ਦਸਤੀ ਇਸ਼ਤਿਹਾਰ ਵੈਲਸ਼ ਅਸੈਂਬਲੀ ਗੌਰਮੰਟ ਇਮਿਯੂਨਾਈਜ਼ੇਸ਼ਨ ਵੈਬਸਾਈਟ ਤੇ ਉਪਲਬਧ ਹੈ:
**http://new.wales.gov.uk/topics/health/protection/immunisation/leaflets/?lang=en**

ਅਤੇ ਹੇਠ ਦਿਤੀਆਂ ਭਾਸ਼ਾਵਾਂ ਵਿਚ ਵੀ:

ਅਰਬੀ
ਬੰਗਾਲੀ
ਬੁਲਗੇਰੀਅਨ
ਚਾਈਨਿਜ਼
ਚੈਕ
ਫਾਰਸੀ
ਫਰੈਂਚ
ਗੁਜਰਾਤੀ
ਹਿੰਦੀ
ਕਰਦੀਸ਼ (ਸੋਰਾਨੀ)
ਲਿਨਗਾਲਾ
ਪੋਲਿਸ਼
ਪੋਰਚੂਗੀਜ਼
ਅੰਗ੍ਰੇਜ਼ੀ
ਰਸ਼ੀਅਨ
ਸੋਮਾਲੀ
ਸਪੈਨੀਸ਼
ਸਵਾਹੇਲੀ
ਟਾਗਾਲੌਗ
ਉਰਦੂ (ਨਾਸਖ)
ਵਿਅਤਨਮੀਜ਼

ਇਸ ਦਸਤੀ ਇਸ਼ਤਿਹਾਰ ਦੀਆਂ ਹੋਰ ਵਧੇਰੇ ਨਕਲਾਂ ਪ੍ਰਾਪਤ ਕਰਨ ਲਈ ਵੈਲਸ਼ ਅਸੈਂਬਲੀ ਗੌਰਮੰਟ ਪਬਲੀਕੇਸ਼ਨਜ਼ ਸੈਂਟਰ ਨਾਲ ਈ-ਮੇਲ ਰਾਹੀ ਸੰਪਰਕ ਕਰੋ:
assembly-publications@wales.gsi.gov.uk

ਜਾਂ 029 2082 3683 ਤੇ ਟੈਲੀਫੋਨ ਕਰੋ (08.00 ਅਤੇ 17.00 ਦੇ ਦਰਮਿਆਨ ਸੋਮਵਾਰ – ਸ਼ੁਕਰਵਾਰ)

ਇਸ ਦਸਤੀ ਇਸ਼ਤਿਹਾਰ ਬਾਰੇ ਕੋਈ ਵੀ ਪੁੱਛ-ਗਿੱਛ ਹੇਠ ਦਿਤੇ ਪਤੇ ਤੇ ਭੇਜ ਸਕਦੇ ਹੋ:

Health Protection Division
Welsh Assembly Government
Cathays Park

Cardiff
CF10 3NQ

ਟੈਲੀਫੋਨ:
029 2082 5397 ਜਾਂ
029 2082 5410